ਸ਼੍ਰੇਣੀ: ਸੱਤਵੀ,
ਸਮਾਜਿਕ ਵਿਗਿਆਨ
ਸਤੰਬਰ ਪ੍ਰੀਖਿਆ,2022
ਸਮਾਂ: 3 ਘੰਟੇ ਕੁੱਲ ਅੰਕ: 70

1. ਸਾਰੇ ਪ੍ਰਸ਼ਨ ਜ਼ਰੂਰੀ ਹਨ।
2. ਪ੍ਰਸ਼ਨ ਪੱਤਰ ਦੇ ਕੁੱਲ ਚਾਰ ਭਾਗ ੳ,ਅ,ੲ ਅਤੇ ਸ ਹਨ।

ਭਾਗ-ੳ ( 15 ਅੰਕ)

1. ਰੁੱਖਾਂ ਨੂੰ ਅਸੀਂ ਕਿਹੜੀਆਂ ਥਾਵਾਂ ਉਤੇ ਲਗਾ ਸਕਦੇ ਹਾਂ?

1. ਸੜਕ ਦੇ ਕਿਨਾਰਿਆਂ ਉਪਰ 2. ਪਿੰਡ ਦੀ ਖਾਲੀ ਸ਼ਾਮਲਾਟ ਜ਼ਮੀਨ ਤੇ 3. ਪਾਰਕਾਂ ਵਿੱਚ 4. ਉਪਰੋਕਤ ਸਾਰੇ

2. ਭਰਵੀਂ ਗਰਮੀ ਦਾ ਦਿਨ ਸੀ। ਸਕੂਲ ਵਿੱਚ ਛੁੱਟੀਆਂ ਚੱਲ ਰਹੀਆਂ ਸਨ। ਪਰ ਫਿਰ ਵੀ ਵਿਦਿਆਰਥੀ ਬਹੁਤ ਉਤਸ਼ਾਹ ਨਾਲ ਪਹੁੰਚੇ। ਉਨ੍ਹਾਂ ਨੇ ਅਧਿਆਪਕਾਂ ਨਾਲ ਮਿਲਕੇ ਪਿੰਡ ਵਿੱਚ ਰੈਲੀ ਕੱਢੀ ਅਤੇ ਆਪਣੇ ਆਲੇ-ਦੁਆਲੇ ਦੀ ਸਾਂਭ ਸੰਭਾਲ ਬਾਰੇ ਵੱਖ-ਵੱਖ ਪ੍ਰੋਗਰਾਮ ਕੀਤੇ। ਇਸ ਜਾਣਕਾਰੀ ਦੇ ਅਧਾਰ ਤੇ ਦੱਸੋ ਕਿ ਸਕੂਲ ਵਿੱਚ ਕਿਹੜਾ ਦਿਵਸ ਮਨਾਇਆ ਗਿਆ?

1 ਵਾਤਾਵਰਨ ਦਿਵਸ 2. ਮਹਿਲਾ ਦਿਵਸ 3. ਅਜਾਦੀ ਦਿਵਸ 4. ਗਣਤੰਤਰ ਦਿਵਸ

3. ਧਰਤੀ ਨੂੰ ਹੇਠ ਲਿਖਿਆਂ ਵਿਚੋਂ ਹੋਰ ਕਿਹੜੇ ਨਾਮ ਨਾਲ ਨਹੀਂ ਜਾਣਿਆ ਜਾਂਦਾ ਹੈ?
1 ਜਲ ਗ੍ਰਹਿ 2. ਪਾਣੀ ਗ੍ਰਹਿ 3. ਨੀਲਾ ਗ੍ਰਹਿ 4. ਸਫੇਦ ਗ੍ਰਹਿ

4. ਸੰਸਾਰ ਵਿੱਚ ਸਭ ਤੋਂ ਵੱਧ ਸੋਨਾ ਪੈਦਾ ਕਰਨ ਵਾਲਾ ਦੇਸ਼ ਕਿਹੜਾ ਹੈ ?
1 ਚਿੱਲੀ 2. ਕਨਾਡਾ 3. ਰੂਸ 4. ਭਾਰਤ

5. ਵਾਯੂਮੰਡਲ ਦਾ ਕਿਹੜਾ ਭਾਗ ਹਵਾਈ ਜਹਾਜ਼ਾਂ ਦੀ ਉਡਾਨ ਲਈ ਬਹੁਤ ਯੋਗ ਹੁੰਦਾ ਹੈ?
1. ਮੱਧਵਰਤੀ ਮੰਡਲ 2. ਸਮਤਾਪ ਮੰਡਲ 3. ਤਾਪ ਮੰਡਲ 4. ਅਸ਼ਾਂਤੀ ਮੰਡਲ

6. ਤੇਜਵੀਰ ਨੂੰ ਤੇਜ਼ ਬੁਖਾਰ ਹੈ। ਉਹ ਡਾਕਟਰ ਕੋਲ ਜਾਂਦਾ ਹੈ। ਬੁਖਾਰ ਨੂੰ ਮਾਪਣ ਲਈ ਡਾਕਟਰ ਹੇਠ ਲਿਖਿਆਂ ਵਿਚੋਂ ਕਿਹੜਾ ਪੈਮਾਨਾ ਵਰਤੇਗਾ?
1. ਰਿਕਟਰ 2. ਫਾਰਨਹੀਟ 3. ਮਰਕਾਲੀ 4. ਇਨ੍ਹਾਂ ਵਿਚੋਂ ਕੋਈ ਨਹੀਂ।

7. ਵੈਦਿਕ ਕਾਲ ਵਿੱਚ ਭਾਰਤ ਨੂੰ ਕੀ ਨਾਂ ਦਿੱਤਾ ਗਿਆ?
1. ਭਾਰਤਵਰਸ਼ 2. ਹਿੰਦੂ 3. ਆਰੀਆ ਵਰਤ 4. ਇੰਡਸ

8. ਰਾਸ਼ਟਰਕੂਟ ਰਾਜ ਕਿਹੜੀਆਂਦੋ ਨਦੀਆਂ ਦੇ ਵਿਚਕਾਰ ਸੀ?
1. ਕ੍ਰਿਸ਼ਨਾ ਅਤੇ ਤੁੰਗਭਦਰਾ 2. ਨਰਮਦਾ ਅਤੇ ਤਾਪਤੀ 3. ਗੋਦਾਵਰੀ ਅਤੇ ਮਹਾਂਨਦੀ 4. ਗੰਗਾ ਅਤੇ ਯਮੁਨਾ

9. ਚੋਲ ਰਾਜ ਪ੍ਰਬੰਧ ਸਮੇਂ ਹਰੇਕ ਪਿੰਡ ਦੀਆਂ ਕਿੰਨੀਆਂ ਸਭਾਵਾਂ ਹੁੰਦੀਆਂ ਸਨ?
1. ਤਿੰਨ 2. ਦੋ 3. ਚਾਰ 4. ਪੰਜ

10. ਹੇਠ ਲਿਖਿਆ ਵਿੱਚੋ ਕੌਣ ਕੁਤਬਦੀਨ ਐਬਕ ਦਾ ਦਾਸ ਸੀ ?
1. ਬਲਬਨ 2. ਇਲਤੁਤਮਿਸ਼ 3. ਕੁਤਬਉਦੀਨ ਐਬਕ 4. ਅਰਾਮ ਸ਼ਾਹ

11. ਖਿਲਜੀ ਵੰਸ਼ ਦਾ ਸੰਸਥਾਪਕ ਕੌਣ ਸੀ?
1. ਜਲਾਲਉਦੀਨ ਖਿਲਜੀ 2. ਤੈਮੂਰ 3. ਮੁਹੰਮਦ-ਬਿਨ-ਤੁਗ਼ਲਕ 4. ਅਕਬਰ

12. ਪਾਣੀਪਤ ਦੀ ਪਹਿਲੀ ਲੜਾਈ ਕਦੋਂ ਹੋਈ?

1. 1526 ਈ: 2. 1761 ਈ: 3. 1556 ਈ: 4. 1757 ਈ:

13. ਆਧੁਨਿਕ ਯੁੱਗ ਵਿੱਚ ਕਿਸ ਸਰਕਾਰ ਨੂੰ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ?
1. ਤਾਨਾਸ਼ਾਹੀ ਸਰਕਾਰ 2. ਲੋਕਤੰਤਰੀ ਸਰਕਾਰ 3. ਸੈਨਿਕ ਸਰਕਾਰ 4. ਇਹ ਸਾਰੇ

14. ਭਾਰਤ ਵਿਚ ਚੋਣਾਂ ਕਰਵਾਉਣ ਦੀ ਜਿੰਮੇਵਾਰੀ ਕਿਸਦੀ ਹੈ?
1. ਪ੍ਰਧਾਨ ਮੰਤਰੀ 2. ਸੁਪਰੀਮ ਕੋਰਟ ਦੇ ਮੁੱਖ ਜੱਜ ਦੀ 3. ਚੋਣ ਕਮਿਸ਼ਨ ਦੀ 4. ਇਹਨਾਂ ਵਿਚੋਂ ਕੋਈ ਨਹੀਂ

15. ਭਾਰਤ ਵਿੱਚ ਬਾਲਗ ਹੋਣ ਦੀ ਉਮਰ ਕਿੰਨੀ ਹੈ?
1. 18 ਸਾਲ 2. 24 ਸਾਲ 3. 22 ਸਾਲ 4. 29 ਸਾਲ (15X1=15)

ਭਾਗ--ਅ (ਭੂਗੋਲ- 21 ਅੰਕ)

ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ 1 ਵਾਕ ਵਿੱਚ ਦਿਉ । ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ।
16. ਧਰਤੀ ਦੀ ਸਤ੍ਹਾ ਦਾ ................ ਭਾਗ ਪਾਣੀ ਨੇ ਘੇਰਿਆ ਹੋਇਆ ਹੈ। (ਖਾਲੀ ਸਥਾਨ ਭਰੋ)
17. ਵਾਯੂਮੰਡਲ ਦੇ ਹੇਠਲੇ ਭਾਗ ਨੂੰ ਆਇਨ ਮੰਡਲ ਕਹਿੰਦੇ ਹਨ। (ਸਹੀ/ ਗ਼ਲਤ ਦਾ ਨਿਸ਼ਾਨ ਲਗਾਓ)

18. ਧਰਤੀ ਦੇ ਕਿੰਨੇ ਖੋਲ ਹਨ ?ਇਹਨਾਂ ਦੇ ਨਾਂ ਦੱਸੋ।
19. ਵਾਯੂਮੰਡਲ ਦੀਆਂ ਤਹਿਆਂ ਦੇ ਨਾਂ ਲਿਖੋ।
(4X1=4)

ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 25-30 ਸ਼ਬਦਾਂ ਵਿੱਚ ਦਿਓ। ਹਰੇਕ ਪ੍ਰਸ਼ਨ ਦੋ ਅੰਕ ਦਾ ਹੈ।
20. ਹਵਾ ਦਾ ਪ੍ਰਦੂਸ਼ਣ ਕਿਸ ਨੂੰ ਕਹਿੰਦੇ ਹਨ?
21. ਧਰਤੀ ਨੂੰ ਭੋਂ- ਖੁਰਣ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ? (2X2=4)

ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 80-100 ਸ਼ਬਦਾਂ ਵਿੱਚ ਦਿਓ। ਹਰੇਕ ਪ੍ਰਸ਼ਨ ਦੇ ਤਿੰਨ ਅੰਕ ਹਨ।
22. ਤਰਲ ਸੋਨਾ ਕਿਸ ਨੂੰ ਆਖਦੇ ਹਨ? ਇਸ ਬਾਰੇ ਸੰਖੇਪ ਜਾਣਕਾਰੀ ਦਿਓ । ਜਾਂ
ਵਾਯੂਮੰਡਲ ਮੰਡਲ ਵਿੱਚ ਓਜ਼ੋਨ ਗੈਸ ਕਿੱਥੇ ਪਾਈ ਜਾਂਦੀ ਹੈ ਅਤੇ ਇਸ ਦੀ ਕੀ ਮਹੱਤਤਾ ਹੈ?
23. ਹਵਾ ਦੇ ਪ੍ਰਦੂਸ਼ਣ ਦੇ ਮੁੱਖ ਕਾਰਕਾਂ ਦੀ ਸੰਖੇਪ ਜਾਣਕਾਰੀ ਦਿਓ ।
ਜਾਂ
ਧਰਤੀ ਤੇ ਮਿੱਟੀ ਦੀ ਕੀ ਮਹਤਤਾ ਹੈ? ਇਸਦੇ ਬਾਰੇ ਲਿਖੋ। (2X3=6)

24. ਭਾਰਤ ਦੇ ਨਕਸ਼ੇ ਵਿੱਚ ਕੋਈ ਦੱਸ ਸਥਾਨ ਵਿੱਚੋਂ ਸੱਤ ਸਥਾਨ ਭਰੋ: (7x1=7)
1. ਹਰਿਆਣਾ 2. ਬਿਹਾਰ 3. ਮਹਾਂਰਾਸ਼ਟਰ 4. ਮੇਘਾਲਿਆ 5. ਨੇਪਾਲ 6. ਸ੍ਰੀ ਲੰਕਾ 7. ਚੰਡੀਗੜ੍ਹ 8. ਗਾਂਧੀਨਗਰ 9. ਲੱਦਾਖ 10. ਪਾਂਡੂਚੇਰੀ

ਭਾਗ-ੲ ਇਤਿਹਾਸ (ਅੰਕ 20)

ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ।
25. ਭਾਰਤ ਵਿੱਚ.................... ਨੂੰ ਪਰਿਵਰਤਨ ਦੀ ਸਦੀ ਮੰਨਿਆ ਜਾਂਦਾ ਹੈ। (ਖਾਲੀ ਥਾਂ ਭਰੋ)
26. ਰਜ਼ੀਆ ਸੁਲਤਾਨ ................. ਦੀ ਪੁੱਤਰੀ ਸੀ। (ਖਾਲੀ ਥਾਂ ਭਰੋ)
27. ਸ਼ੇਰ ਸ਼ਾਹ ਸੂਰੀ ਮੁਗਲ ਸ਼ਾਸਕ ਸੀ। (ਠੀਕ/ਗਲਤ ਦਾ ਨਿਸ਼ਾਨ ਲਗਾਓ)
28. ਬਲਬਨ ਦਾਸ ਵੰਸ਼ ਦਾ ਸੰਸਥਾਪਕ ਸੀ।
(ਠੀਕ/ਗਲਤ ਦਾ ਕਨਸ਼ਾਨ ਲਗਾਓ) (4 X 1=4)

ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 25-30 ਸ਼ਬਦਾਂ ਵਿੱਚ ਦਿਓ। ਹਰੇਕ ਪ੍ਰਸ਼ਨ ਦੋ ਅੰਕ ਦਾ ਹੈ।
29. ਚੋਲ ਰਾਜਕਾਲ ਸਮੇਂ ਕਿਹੜੀਆਂ ਭਾਸ਼ਾਵਾਂ ਦਾ ਵਿਕਾਸ ਹੋਇਆ?
30. ਮਹਿਮੂਦ ਗਜ਼ਨਵੀ ਨੇ ਭਾਰਤ ਤੇ ਹਮਲੇ ਕਿਉਂ ਕੀਤੇ? (2X2=4)

ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 80-100 ਸ਼ਬਦਾਂ ਵਿੱਚ ਦਿਓ। ਹਰੇਕ ਪ੍ਰਸ਼ਨ ਦੇ ਤਿੰਨ ਅੰਕ ਹਨ।

31. ਭਾਰਤੀ ਇਤਿਹਾਸ ਦੇ ਸਰੋਤ ਕਿੰਨੀ ਪ੍ਰਕਾਰ ਦੇ ਹਨ?
ਜਾਂ
ਵਿਦੇਸ਼ੀ ਯਾਤਰੀਆਂ ਦੇ ਲੇਖ ਕਿਵੇਂ ਮਹੱਤਵਪੂਰਨ ਇਤਿਹਾਸਕ ਸਰੋਤ ਹਨ?

32. ਬਲਬਨ ਨੇ ਸਲਤਨਤ ਦਾ ਸੰਗਠਨ ਕਿਵੇਂ ਕੀਤਾ?
ਜਾਂ ਮੁਹੰਮਦ ਬਿਨ ਤੁਗਲਕ ਨੇ ਆਪਣੀ ਰਾਜਧਾਨੀ ਦਿੱਲੀ ਤੋਂ ਦੇਵਗਿਰੀ ਕਿਓਂ ਬਦਲੀ ਸੀ?
33. ਬਾਬਰ ਦੀਆਂ ਜਿੱਤਾਂ ਬਾਰੇ ਤੁਸੀਂ ਕੀ ਜਾਣਦੇ ਹੋ?
ਜਾਂ
ਦੌਲਤ ਖਾਂ ਲੋਧੀ ਅਤੇ ਰਾਣਾ ਸਾਂਗਾ ਨੇ ਬਾਬਰ ਨੂੰ ਭਾਰਤ ਤੇ ਹਮਲਾ ਕਰਨ ਲਈ ਕਿਉਂ ਸੱਦਾ ਭੇਜਿਆ ਸੀ ?

34 ਮੁਹੰਮਦ ਬਿਨ ਤੁਗਲਕ ਦੀਆਂ ਯੋਜਨਾਵਾਂ ਦੇ ਕੀ ਸਿੱਟੇ ਨਿਕਲੇ?
ਜਾਂ
ਅਕਬਰ ਦੀਆਂ ਜਿੱਤਾਂ ਬਾਰੇ ਲਿਖੋ । (4X3=12)

ਭਾਗ-ਸ ਨਾਗਰਿਕ ਸ਼ਾਸਤਰ (ਅੰਕ 14)

ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ।
35. ………………ਹੀ ਅਜਿਹਾ ਦੇਸ਼ ਹੈ ਜਿੱਥੇ ਅਜੇ ਵੀ ਸਿੱਧਾ ਲੋਕਤੰਤਰ ਹੈ। (ਖਾਲੀ ਸਥਾਨ ਭਰੋ)

36. ਭਾਰਤ ਵਿੱਚ ਘੱਟੋ-ਘੱਟ…………….ਸਾਲ ਦੀ ਉਮਰ ਵਾਲੇ ਨਾਗਰਿਕ ਨੂੰ ਵੋਟ ਦਾ ਅਧਿਕਾਰ ਹੁੰਦਾ ਹੈ। (ਖਾਲੀ ਸਥਾਨ ਭਰੋ)
37. ਭਾਰਤ ਇੱਕ ਲੋਕਤੰਤਰੀ ਗਣਰਾਜ ਹੈ।(ਠੀਕ/ ਗਲਤ ਦਾ ਨਿਸ਼ਾਨ ਲਗਾਓ)
38. ਭਾਰਤ ਵਿੱਚ ਦੋ- ਦਲੀ ਰਾਜਨੀਤਿਕ ਦਲ ਪ੍ਰਣਾਲੀ ਹੈ।
(ਠੀਕ/ਗਲਤ ਦਾ ਕਨਸ਼ਾਨ ਲਗਾਓ)
(4 X 1=4)

ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 25-30 ਸ਼ਬਦਾਂ ਵਿੱਚ ਦਿਓ। ਹਰੇਕ ਪ੍ਰਸ਼ਨ ਦੋ ਅੰਕ ਦਾ ਹੈ।
39. ਲੋਕਤੰਤਰ ਦੇ ਹੋਂਦ ਵਿਚ ਆਉਣ ਬਾਰੇ ਸੰਖੇਪ ਨੋਟ ਲਿਖੋ।
40. ਸਰਵ ਵਿਆਪਕ ਮਤ ਅਧਿਕਾਰ ਤੋ ਕੀ ਭਾਵ ਹੈ? (2X2=4)

ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 80-100 ਸ਼ਬਦਾਂ ਵਿੱਚ ਦਿਓ। ਹਰੇਕ ਪ੍ਰਸ਼ਨ ਦੇ ਤਿੰਨ ਅੰਕ ਹਨ।
41. ਲੋਕਤੰਤਰ ਸਰਕਾਰ ਦੇ ਚਾਰ ਵੱਖ ਵੱਖ ਵੱਖ ਰੂਪਾਂ ਦੇ ਨਾਂ ਲਿਖੋ। ਜਾਂ
ਲੋਕਤੰਤਰੀ ਸਰਕਾਰ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਬਾਰੇ ਲਿਖੋ।
42. ਗੁਪਤ ਮੱਤਦਾਨ ਕੀ ਹੁੰਦਾ ਹੈ ?ਇਸ ਦਾ ਕੀ ਮਹੱਤਵ ਹੈ?
ਜਾਂ
ਰਾਜਨੀਤਕ ਦਲਾਂ ਦਾ ਪ੍ਰਤੀਨਿਧੀ ਲੋਕਤੰਤਰ ਵਿੱਚ ਕੀ ਮਹੱਤਵ ਹੈ । (2X3=6)

Sharanjit kaur, SS Mistress, Quila Nau, Faridkot.